# CBSE Class 12 Punjabi 2020 - 4/C - Compartment

## Question Paper

Conducted by the Central Board of Secondary Education (CBSE)

**Time Allowed: 3 Hours** **Maximum Marks: 80**

### General Instructions

(i) This question paper contains 9 questions.
(ii) Attempt questions according to the specific instructions and internal choices provided.
(iii) Write the question number before attempting each answer.
(iv) Writing should be neat and clear.

## Questions

**1.**

ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ :
ਅਕਬਰ ਨੇ 1575 ਵਿਚ ਫ਼ਤੇਹਪੁਰ ਸੀਕਰੀ ਇਕ ਇਬਾਦਤਖ਼ਾਨਾ ਬਣਵਾਇਆ ਜਿਥੇ ਹਰ ਧਰਮ ਦੇ ਮੰਨਣਵਾਲੇ ਨੂੰ ਆ ਕੇ ਆਪਣੇ ਵਿਚਾਰ ਪ੍ਰਗਟ ਕਰਨ ਦਾ ਹੱਕ ਸੀ । ਹੁਣ ਤਕ ਅਕਬਰ ਹਿੰਦੂਆਂ ਤੋਂ ਯਾਤਰਾ ਟੈਕਸ, ਪਵਿੱਤਰ ਥਾਵਾਂ ਤੇ ਇਸਨਾਨ ਕਰਨ ਤੇ ਟੈਕਸ ਅਤੇ ਸਭ ਤੋਂ ਵਧੇਰੇ ਘਿਰਨਾ ਭਰਿਆ ਟੈਕਸ, ਜਿਜ਼ੀਆ ਹਟਾ ਚੁਕਾ ਸੀ । ਉਹ ਮੁਸਲਮਾਨ ਕਾਜ਼ੀਆਂ ਤੇ ਉਲੇਮਾਵਾਂ ਨਾਲ ਬਹਿਸ ਕਰਦਾ ਆਮ ਤੌਰ ਤੇ ਝਗੜ ਪੈਦਾ ਤੇ ਆਖਦਾ ਰੱਬ ਦੀ ਸਾਰੀ ਲੁਕਾਈ ਨੂੰ ਧਾਰਮਕ ਤੰਗ ਦਿਲੀ ਦੀ ਨਜ਼ਰ ਨਾਲ ਨਾ ਵੇਖੋ । ਸਾਡਾ ਸਾਰਿਆਂ ਦਾ ਧਰਮ ਇਕ ਹੈ ਜਿਹੜਾ ਸੱਚ ਤੇ ਪਿਆਰ ਦੇ ਆਸਰੇ ਖਲੋਤਾ ਹੈ । ਅਕਬਰ ਨੇ ਇਕ ਧਰਮ ਦੀ ਨੀਂਹ ਰੱਖੀ ਜਿਸ ਨੂੰ ਉਸ 'ਦੀਨੇ ਇਲਾਈ' ਆਖਿਆ । ਉਸ ਨੇ ਕਿਸੇ ਤੇ ਪਾਬੰਦੀ ਨਹੀਂ ਲਾਈ ਕਿ ਕੋਈ ਜ਼ਰੂਰ ਹੀ ਇਸ ਧਰਮ ਨੂੰ ਕਬੂਲ ਕਰੇ ।

**1(a).**

ਅਕਬਰ ਨੇ ਕਿਸ ਧਰਮ ਦੀ ਨੀਂਹ ਰਖੀ ?

**1(b).**

ਅਕਬਰ ਨੇ ਹਿੰਦੂਆਂ ਉੱਤੋਂ ਕਿਹੜੇ ਕਿਹੜੇ ਟੈਕਸ ਹਟਾਏ ?

**1(c).**

ਅਕਬਰ ਨੇ ਫਤੇਹਪੁਰ ਸੀਕਰੀ ਵਿਖੇ ਇਬਾਦਤਖ਼ਾਨਾ ਕਦੋਂ ਬਣਵਾਇਆ ?

**1(d).**

ਹਿੰਦੂਆਂ ਉਤੇ ਲਗਾ ਕਿਹੜਾ ਟੈਕਸ ਸਭ ਤੋਂ ਵੱਧ ਘਿਰਨਾ ਭਰਿਆ ਸੀ ?

**1(e).**

ਅਕਬਰ ਅਨੁਸਾਰ ਸਭ ਦਾ ਧਰਮ ਕਿਸ ਆਸਰੇ ਖਲੋਤਾ ਹੈ ?

**2.**

ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇਕ ਉੱਤੇ 200 – 250 ਸ਼ਬਦਾਂ ਦਾ ਲੇਖ ਲਿਖੋ :
(ੳ) ਇੰਟਰਨੈਟ ਦਾ ਮਹੱਤਵ
(ਅ) ਭ੍ਰਿਸ਼ਟਾਚਾਰ ਦੀ ਸਮੱਸਿਆ
(ੲ) ਵਿਸਾਖੀ ਦਾ ਤਿਉਹਾਰ
(ਸ) ਨਾਰੀ ਸ਼ਕਤੀ ਦਾ ਮਹੱਤਵ

**3.**

ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖ ਕੇ ਹੜ੍ਹਾਂ ਨਾਲ ਬੇਘਰ ਹੋਏ ਲੋਕਾਂ ਦੀ ਮਦਦ ਕਰਨ ਲਈ ਅਪੀਲ ਛਾਪਣ ਲਈ ਕਹੋ ।

OR

**3.**

ਆਪਣੀ ਕਾਰ ਦੇ ਚੋਰੀ ਹੋ ਜਾਣ ਦੀ ਸੂਚਨਾ ਆਪਣੇ ਇਲਾਕੇ ਦੇ ਐਸ.ਐਚ.ਓ. ਨੂੰ ਪੱਤਰ ਲਿਖਕੇ ਦਿਓ ।

**4(I)(a).**

ਹੇਠ ਲਿਖੇ ਵਾਕਾਂ ਵਿਚ ਸਹੀ ਸ਼ਬਦ ਜੋੜ ਵਾਲਾ ਵਿਕਲਪ ਚੁਣ ਕੇ ਲਿਖੋ :

**4(I)(a)(i).**

ਸ਼ਿਕਾਰੀ ਪੰਛੀ ਬਾਜ/ਬਾਝ ਬੜਾ ਫੁਰਤੀਲਾ ਹੁੰਦਾ ਹੈ

**4(I)(a)(ii).**

ਕੰਮ ਤੋਂ ਵਿਹਲਾ/ਵੇਹਲਾ ਹੋਕੇ ਉਹ ਪੜ੍ਹਾਈ ਵਿਚ ਲਗ ਗਿਆ

**4(I)(b).**

ਹੇਠ ਲਿਖੇ ਵਾਕਾਂ ਵਿਚਲੇ ਲਕੀਰੇ ਸ਼ਬਦਾਂ ਨੂੰ ਸਹੀ ਕਰਕੇ ਲਿਖੋ : (ਛੋਟੇ ਉੱਤਰ ਵਾਲੇ ਪ੍ਰਸ਼ਨ)

**4(I)(b)(i).**

ਉਹ ਮੋਤ ਤੋਂ ਨਹੀਂ ਡਰਦਾ (ਲਕੀਰਾ ਸ਼ਬਦ : ਮੋਤ)

**4(I)(b)(ii).**

ਪਤੀਲੇ ਦਾ ਡੱਕਣ ਛੋਟਾ ਹੈ (ਲਕੀਰਾ ਸ਼ਬਦ : ਛੋਟਾ)

**4(I)(b)(iii).**

ਉਹ ਮੇਰਾ ਬਡਾ ਭਰਾ ਹੈ (ਲਕੀਰਾ ਸ਼ਬਦ : ਬਡਾ)

**4(II)(a).**

ਹੇਠ ਲਿਖੇ ਵਾਕਾਂ ਨੂੰ ਵਿਸਰਾਮ ਚਿੰਨ੍ਹ ਲਾ ਕੇ ਲਿਖੋ :

**4(II)(a)(i).**

ਪੁੱਤ ਮਿਹਨਤ ਨਾਲ ਪੜ੍ਹਿਆ ਕਰ ਪਿਤਾ ਨੇ ਕਿਹਾ

**4(II)(a)(ii).**

ਬੱਲੇ ਬੱਲੇ ਅਸੀਂ ਮੈਚ ਜਿੱਤ ਗਏ

**4(II)(a)(iii).**

ਰਮੇਸ਼ ਕਦੋਂ ਤੋਂ ਬੀਮਾਰ ਹੈ ਅਧਿਆਪਕ ਨੇ ਪੁਛਿਆ

**4(II)(b).**

ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਦਿੱਤੇ ਹੋਏ ਵਿਕਲਪਾਂ ਵਿਚੋਂ ਸਹੀ ਵਿਕਲਪ ਚੁਣ ਕੇ ਦਿਓ :

**4(II)(b)(i).**

ਪੁੱਠੇ ਕਾਮਿਆਂ ਦਾ ਨਿਸ਼ਾਨ ਹੈ

(A) , (B) !
(C) “ ” (D) ?

**4(II)(b)(ii).**

ਵਿਸਮਕ ਚਿੰਨ੍ਹ ਹੈ

(A) ? (B) !
(C) | (D) ;

### 4(III)(a).

ਹੇਠ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਲਿਖੋ :

### 4(III)(a)(i).

ਬੱਚੇ ਨੂੰ ਚੁਕਿਆ ਮਾਂ ਨੇ ।

### 4(III)(a)(ii).

ਮੰਗਤੇ ਬੂਹੇ ਮੰਦਰ ਦੇ ਤੇ ਬੈਠਦੇ ਹਨ ।

### 4(III)(a)(iii).

ਇਹ ਮਿੱਠਾ ਨਹੀਂ ਅੰਬ ।

### 4(III)(b).

ਹੇਠ ਲਿਖੇ ਵਾਕਾਂ ਵਿਚੋਂ ਸ਼ੁੱਧ ਵਾਕ ਚੁਣੋ :

### 4(III)(b)(A).

ਸ਼ੁੱਧ ਵਾਕ ਚੁਣੋ (ਸੈੱਟ A)

(A) ਗਰੀਬ ਨੂੰ ਸਤਾਉਣਾ ਪਾਪ ਹੈ
(B) ਮੈਂ ਨੇ ਇਨਾਮ ਜਿੱਤਿਆ
(C) ਗਾਂ ਨੂੰ ਪਾਓ ਰੋਟੀ
(D) ਰਾਜਾ ਸੀ ਅਕਬਰ ਚੰਗਾ

### 4(III)(b)(B).

ਸ਼ੁੱਧ ਵਾਕ ਚੁਣੋ (ਸੈੱਟ B)

(A) ਉਸ ਧੋਤੇ ਕਪੜੇ ਆਪਣੇ
(B) ਸੂਰਜ ਨਿਕਲਿਆ ਤੇ ਧੁੰਦ ਮਿਟ ਗਈ
(C) ਬਿੰਟੂ ਖੁਸ਼ ਹੈ ਪਾਸ ਹੋਣ ਕਾਰਨ
(D) ਗੀਤਾ ਗਾਂ ਨੂੰ ਕੁੱਟ ਕੇ ਛੋਲੇ ਪਾਉਂਦੀ ਹੈ

### 4(IV)(a).

ਹੇਠ ਲਿਖੇ ਮੁਹਾਵਰਿਆਂ ਦੇ ਅਰਥ ਸਪੱਸ਼ਟ ਕਰਦੇ ਹੋਏ ਵਾਕ ਬਣਾਓ :

### 4(IV)(a)(i).

ਟੱਸ ਤੋਂ ਮਸ ਨਾ ਹੋਣਾ

### 4(IV)(a)(ii).

ਦਾਲ ਵਿਚ ਕਾਲਾ ਹੋਣਾ

### 4(IV)(a)(iii).

ਬਿੱਟ-ਬਿੱਟ ਤਕਣਾ

### 4(IV)(b).

ਮੁਹਾਵਰਿਆਂ ਦੇ ਸਹੀ ਅਰਥ ਵਾਲਾ ਵਿਕਲਪ ਚੁਣੋ :

### 4(IV)(b)(i).

ਪਿੱਛੇ ਪੈਣਾ

(A) ਭੈੜੀ ਮੱਤ ਦੇਣਾ
(B) ਖਹਿੜੇ ਪੈਣਾ
(C) ਤੇਜ ਦੌੜਨਾ
(D) ਸ਼ਕ ਹੋਣਾ

### 4(IV)(b)(ii).

ਪਿੱਠ ਠੋਕਣੀ

(A) ਚੋਰੀ ਖਿਸਕ ਜਾਣਾ
(B) ਸ਼ਾਬਾਸ਼ ਦੇਣੀ
(C) ਸੁਆਗਤ ਕਰਨਾ
(D) ਖ਼ੂਬ ਕੁੱਟਣਾ

### 5(a).

ਹੇਠ ਲਿਖੀਆਂ ਕਾਵਿ-ਟੁਕੜੀਆਂ ਵਿਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਦੂਰ ਦੂਰ ਥਾਉਂ ਵਣਜਾਰੇ ਆਏ ਨੇਂ
ਸੁਹਣੇ ਸੁਹਣੇ ਕੁੰਜਾਂ ਤੇ ਫ਼ੀਤੇ ਲਿਆਏ ਨੇਂ ।
ਗਜਰਿਆਂ ਤੇ ਵੰਗਾਂ ਦਾ ਨਾ ਅੰਤ ਕੋਈ ਏ,
ਮੰਡੀ ਝੁਠੇ ਗਹਿਣਿਆਂ ਦੀ ਲੱਗੀ ਹੋਈ ਏ ।
ਹੱਟੀਆਂ ਹਜ਼ਾਰਾਂ ਹਲਵਾਈਆਂ ਲਾਈਆਂ,
ਸੈਂਕੜੇ ਸੁਗਾਤਾਂ ਨਾਲੇ ਹੋਰ ਆਈਆਂ,
ਹੱਟੀ ਹੱਟੀ ਸ਼ੌਂਕੀਆਂ ਦੀ ਭੀੜ ਖੱਲੀ ਏ,
ਚੱਲ ਨੀ ਪਰੇਮੀਏਂ ! ਵਿਸਾਖੀ ਚੱਲੀਏ ।

OR

### 5(b).

ਜ਼ਹਿਰੀ ਦੁੱਧ ਖ਼ੂਨੀ ਗਾਂ
ਕਿੱਥੇ ਲੱਭੀਏ ਕਬਰ ਲਈ ਥਾਂ
ਕੇਹਾ ਮੁਲਕ ਕੇਹਾ ਗਰਾਂ
ਮਰ ਗਿਆ ਹੁਣ ਸੱਚਾ ਨਿਆਂ
ਆਪਣੇ ਖ਼ੂਨ ਦੀ ਵਗੇ ਝਨਾਂ
ਰਿਸ਼ਤਿਆਂ ਦਾ ਕੀ ਰੱਖੀਏ ਨਾਂ

### 6.

ਨਾਵਲ 'ਗੁਆਚਿਆ ਮੁੰਡਾ' ਦੇ ਕਥਾਨਕ ਬਾਰੇ 125 – 150 ਸ਼ਬਦਾਂ ਵਿਚ ਲਿਖੋ ।

OR

### 6.

'ਗੁਆਚਿਆ ਮੁੰਡਾ' ਨਾਵਲ ਦੇ ਮੁੱਖ ਪਾਤਰ 'ਘੋਗੇ' ਦਾ ਚਰਿੱਤਰ ਚਿਤਰਨ ਆਪਣੇ ਸ਼ਬਦਾਂ ਵਿਚ ਲਿਖੋ ।

### 7.

'ਮਾਂ ਦਾ ਲਾਡਲਾ' ਕਹਾਣੀ ਦਾ ਆਲੋਚਨਾਤਮਕ ਸਾਰ 125 – 150 ਸ਼ਬਦਾਂ ਵਿਚ ਲਿਖੋ ।

OR

### 7.

'ਤਿੰਨ ਦਿਨ ਦਾ ਬੇਈਮਾਨ' ਕਹਾਣੀ ਵਿਚਲੇ ਮੁੱਖ ਪਾਤਰ 'ਸਤਿੰਦਰ ਨਾਥ' ਦਾ ਚਰਿੱਤਰ ਚਿਤਰਨ ਆਪਣੇ ਸ਼ਬਦਾਂ ਵਿਚ ਲਿਖੋ ।

### 8(a).

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸਹੀ ਵਿਕਲਪ ਚੁਣ ਕੇ ਲਿਖੋ :

### 8(a)(i).

'ਆਪਣਾ ਆਪਣਾ ਹਿੱਸਾ' ਕਹਾਣੀ ਵਿਚ ਬਚਨੋਂ, ਘੁੱਦੂ ਦੀ ਕੀ ਲਗਦੀ ਹੈ ?

(A) ਮਾਂ (B) ਭੈਣ
(C) ਭਰਜਾਈ (D) ਭੂਆ

### 8(a)(ii).

'ਵਹਿੰਗੀ' ਕਹਾਣੀ ਕਿਸ ਦੀ ਲਿੱਖੀ ਹੋਈ ਹੈ ?

(A) ਚੰਦਨ ਨੇਗੀ (B) ਅਜੀਤ ਕੌਰ
(C) ਬਚਿੰਤ ਕੌਰ (D) ਵਰਿਆਮ ਸੰਧੂ

**8(a)(iii).**

ਕਾਲਾ ਸਾਧ ਘੋਗੇ ਨੂੰ ਕੀ ਪੀਣ ਲਈ ਦਿੰਦਾ ਹੈ ?

(A) ਗੋਲੀ (B) ਤਵੀਤ
(C) ਪੁੜੀ (D) ਧਾਗਾ

**8(a)(iv).**

'ਪ੍ਰਕਿਰਤੀ-ਵਿਗਿਆਨਿਕ ਖੋਜ-ਕੇਂਦਰ' ਵਿਚ ਘੋਗੇ ਨੇ ਕੀ ਪੀਤਾ

(A) ਚਾਹ (B) ਸ਼ਰਬਤ
(C) ਦੁੱਧ (D) ਪਾਣੀ

**8(b).**

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਵਾਕ ਵਿਚ ਲਿਖੋ :

**8(b)(i).**

'ਗੁਆਚਿਆ ਮੁੰਡਾ' ਨਾਵਲ ਵਿਚਲਾ ਪਾਤਰ ਘੋਗਾ ਕਿਸ ਕਲਪਿਤ ਜੀਵ ਕੋਲੋ ਮਦਦ ਦੀ ਆਸ ਕਰਦਾ ਹੈ ?

**8(b)(ii).**

'ਗੁਆਚਿਆ ਮੁੰਡਾ' ਨਾਵਲ ਕਿਸ ਉਮਰ ਦੇ ਬੱਚਿਆਂ ਲਈ ਲਿਖਿਆ ਗਿਆ ਹੈ ?

**8(b)(iii).**

'ਸੂਲੀ ਉਤੇ ਲਟਕੇ ਪਲ' ਕਹਾਣੀ ਵਿਚ ਕਰੁਣਾ ਅਤੇ ਲੀਨੂੰ ਦਾ ਆਪਸ ਵਿਚ ਕੀ ਰਿਸ਼ਤਾ ਹੈ ?

**8(b)(iv).**

'ਤੀ ਜੀ ਗੱਲ' ਕਹਾਣੀ ਵਿਚ ਤੀਜਾ ਨੇਤਰ ਕਿਸ ਨੂੰ ਕਿਹਾ ਗਿਆ ਹੈ ?

**9.**

ਗੁਰਮਤਿ-ਕਾਵਿ ਦੀ ਵਿਚਾਰਧਾਰਾ ਬਾਰੇ 150 – 200 ਸ਼ਬਦਾਂ ਵਿਚ ਲਿਖੋ ।

OR

**9.**

ਪੰਜਾਬੀ ਸੂਫ਼ੀ-ਕਾਵਿ ਦੀਆਂ ਵਿਸ਼ੇਸ਼ਤਾਈਆਂ ਬਾਰੇ 150 – 200 ਸ਼ਬਦਾਂ ਵਿਚ ਲਿਖੋ ।

**- End of Question Paper -**